## ਤੁਹਾਡੀ ਸੰਭਵ ਸਭ ਤੋਂ ਵੱਧ ਵਧੀਆ ਸੰਭਾਲ ਕਰਨ ਅਤੇ ਤੁਹਾਨੂੰ ਸੇਵਾਵਾਂ ਦੇਣ ਵਿਚ ਸਾਡੀ ਮਦਦ ਕਰਨ ਲਈ ਤੁਹਾਡਾ ਧੰਨਵਾਦ।

**ਸਾਡੀਆਂ ਸੇਵਾਵਾਂ ਲੈਣ ਲਈ**

ਫੋਨ ਕਰੋ ਜਾਂ ਫੋਨ ਕਰਨ ਵਿਚ ਕਿਸੇ ਦੀ ਮਦਦ ਲਉ:

**1-855-412-2121**

www.fraserhealth.ca

ਇਹ ਜਾਣਕਾਰੀ ਉਸ ਸਲਾਹ ਦੀ ਥਾਂ ਨਹੀਂ ਲੈਂਦੀ ਜਿਹੜੀ ਤੁਹਾਨੂੰ ਤੁਹਾਡੇ ਡਾਕਟਰ ਵਲੋਂ ਦਿੱਤੀ ਗਈ ਸੀ।

Catalogue #266234 (February 2019) Punjabi
To order: patienteduc.fraserhealth.ca

Punjabi

# ਕਮਿਊਨਟੀ ਵਿਚ ਰਹਿਣ ਲਈ ਸਿਹਤ ਸੇਵਾਵਾਂ

## ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਬਾਲਗਾਂ ਦੀ ਕਮਿਊਨਟੀ ਵਿਚ ਮਦਦ ਕਰਨਾ

# HSCL

**Health Services for Community Living**

**Supporting adults with developmental disabilities in the community**

fraserhealth

## ਐੱਚ ਐੱਸ ਸੀ ਐੱਲ ਕੀ ਹੈ?

ਐੱਚ ਐੱਸ ਸੀ ਐੱਲ ਦਾ ਮਤਲਬ 'ਹੈਲਥ ਸਰਵਿਸਿਜ਼ ਫਾਰ ਕਮਿਊਨਟੀ ਲਿਵਿੰਗ' (ਕਮਿਊਨਟੀ ਵਿਚ ਰਹਿਣ ਲਈ ਸਿਹਤ ਸੇਵਾਵਾਂ) ਹੈ। ਅਸੀਂ ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ ਵਾਲੇ ਬਾਲਗਾਂ ਨੂੰ ਘਰ ਵਿਚ ਜ਼ਿਆਦਾ ਸਿਹਤ ਸੰਭਾਲ ਅਤੇ ਸੇਵਾਵਾਂ ਦਿੰਦੇ ਹਾਂ।

## ਅਸੀਂ ਕੌਣ ਹਾਂ?

ਸਾਡੀ ਐੱਚ ਐੱਸ ਸੀ ਐੱਲ ਟੀਮ ਵਿਚ ਸ਼ਾਮਲ ਹਨ:

- ਨਰਸਾਂ
- ਦੰਦਾਂ ਦੀ ਸਫਾਈ ਕਰਨ ਵਾਲੇ
- ਖੁਰਾਕ-ਮਾਹਰ
- ਆਕੂਪੇਸ਼ਨਲ ਥੈਰੇਪਿਸਟ
- ਕੇਸ ਮੈਨੇਜਰ

## ਸਾਡਾ ਉਦੇਸ਼ ਕੀ ਹੈ?

ਸਾਡਾ ਉਦੇਸ਼ ਆਪਣੇ ਇਲਾਕੇ ਵਿਚ ਸਿਹਤਮੰਦ, ਸੁਰੱਖਿਅਤ ਅਤੇ ਸਰਗਰਮ ਰਹਿਣ ਵਿਚ ਬਾਲਗ (ਸਾਡੇ ਕਲਾਇੰਟ) ਦੀ ਮਦਦ ਕਰਨਾ ਹੈ।

## ਅਸੀਂ ਕਿਹੜੀਆਂ ਸੇਵਾਵਾਂ ਦਿੰਦੇ ਹਾਂ?

- ਵਿਕਾਸ ਨਾਲ ਸੰਬੰਧਿਤ ਅਪਾਹਜਤਾਵਾਂ (ਡਿਸਏਬਿਲਟੀਜ਼) ਵਾਲੇ ਬੱਚਿਆਂ ਦੀ ਬਾਲਗਾਂ ਲਈ ਪ੍ਰੋਗਰਾਮਾਂ ਵਿਚ ਸ਼ਾਮਲ ਹੋਣ ਵਿਚ ਮਦਦ ਕਰਦੇ ਹਾਂ।
- ਆਪਣੇ ਕਲਾਇੰਟਾਂ ਅਤੇ ਸੰਭਾਲ ਕਰਨ ਵਾਲਿਆਂ ਨੂੰ ਇਹ ਸਿਖਾਉਂਦੇ ਹਾਂ ਕਿ ਸਿਹਤਮੰਦ ਕਿਵੇਂ ਰਹਿਣਾ ਹੈ।
- ਕਲਾਇੰਟ ਦੀਆਂ ਸਿਹਤ ਸਮੱਸਿਆਵਾਂ ਦੀ ਪੜਚੋਲ ਕਰਦੇ ਹਾਂ ਅਤੇ ਮਦਦ ਕਰਨ ਵਾਲੇ ਤਰੀਕਿਆਂ ਬਾਰੇ ਗੱਲ ਕਰਦੇ ਹਾਂ।
- ਕੁਝ ਸਿਹਤ ਸਮੱਸਿਆਵਾਂ ਵਿਚ ਸੰਭਾਲ ਕਰਦੇ ਹਾਂ ਜਿਵੇਂ ਕਿ ਜ਼ਖਮ ਦੀ ਸੰਭਾਲ।
- ਤਾਕਤ ਅਤੇ ਹਿਲਜੁਲ ਵਧਾਉਣ ਜਾਂ ਕਾਇਮ ਰੱਖਣ ਵਿਚ ਕਲਾਇੰਟ ਦੀ ਮਦਦ ਕਰਦੇ ਹਾਂ।
- ਤੁਹਾਡੇ ਦੰਦਾਂ ਅਤੇ ਮੂੰਹ ਦੀ ਸੰਭਾਲ ਵਿਚ ਮਦਦ ਕਰਦੇ ਹਾਂ।
- ਕਲਾਇੰਟ ਲਈ ਰੋਜ਼ਮਰਾ ਦੀਆਂ ਸਰਗਰਮੀਆਂ ਕਰਨ ਨੂੰ ਸੌਖਾ ਬਣਾਉਣ ਲਈ ਸਾਜ਼-ਸਾਮਾਨ ਲੈਣ ਵਿਚ ਮਦਦ ਕਰਦੇ ਹਾਂ।
- ਕਲਾਇੰਟ ਨੂੰ ਸੁਰੱਖਿਅਤ ਰੱਖਣ ਲਈ ਤਰੀਕਿਆਂ ਦੇ ਸੁਝਾਅ ਦਿੰਦੇ ਹਾਂ।
- ਉਹ ਮਦਦ ਲੈਣ ਵਿਚ ਕਲਾਇੰਟ ਦੀ ਮਦਦ ਕਰਦੇ ਹਾਂ ਜਿਸ ਦੀ ਉਸ ਨੂੰ ਲੋੜ ਹੈ।
- ਨਿਗਲਣ ਵਿਚ ਮੁਸ਼ਕਲ ਵਾਲੇ ਕਲਾਇੰਟਾਂ ਨੂੰ ਸਪੈਸ਼ਲਿਸਟਾਂ ਨਾਲ ਜੋੜਦੇ ਹਾਂ।
- ਹਸਪਤਾਲ ਤੋਂ ਘਰ ਜਾਣ ਲਈ ਪਲੈਨ ਕਰਨ ਵਿਚ ਮਦਦ ਕਰਦੇ ਹਾਂ।
- ਸੰਭਾਲ ਕਰਨ ਵਾਲਿਆਂ ਦੀ ਉਦੋਂ ਮਦਦ ਕਰਦੇ ਹਾਂ ਜਦੋਂ ਉਹ ਕਲਾਇੰਟ ਦੀ ਸੰਭਾਲ ਦੀਆਂ ਲੋੜਾਂ ਹੁਣ ਪੂਰੀਆਂ ਨਾ ਕਰ ਸਕਦੇ ਹੋਣ।

## ਸਾਡੀਆਂ ਸੇਵਾਵਾਂ ਲਈ ਕੌਣ ਯੋਗ ਹੈ?

ਅਸੀਂ ਵਿਕਾਸ ਨਾਲ ਸੰਬੰਧਿਤ ਅਪਾਹਜਤਾ (ਡਿਸਏਬਿਲਟੀ) ਵਾਲੇ 19 ਸਾਲ ਜਾਂ ਜ਼ਿਆਦਾ ਉਮਰ ਦੇ ਬਾਲਗਾਂ ਦੀ ਮਦਦ ਕਰਦੇ ਹਾਂ।

ਬਾਲਗ ਦੀ ਕੋਈ ਸਿਹਤ ਸਮੱਸਿਆ ਹੋਣਾ ਜ਼ਰੂਰੀ ਹੈ ਅਤੇ ਉਸ ਦਾ ਕਮਿਊਨਟੀ ਲਿਵਿੰਗ ਬ੍ਰਿਟਿਸ਼ ਕੋਲੰਬੀਆ (ਸੀ ਐੱਲ ਬੀ ਸੀ) ਅਤੇ ਸਾਡੀਆਂ ਘਰ ਵਿਚ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਦੋਨਾਂ ਲਈ ਯੋਗ ਹੋਣਾ ਜ਼ਰੂਰੀ ਹੈ।

## ਸਾਡੇ ਕੋਲ ਕੌਣ ਰੈਫਰ ਕਰ (ਭੇਜ) ਸਕਦਾ ਹੈ?

ਕੋਈ ਵੀ ਜੋ ਸਾਡੀਆਂ ਸੇਵਾਵਾਂ ਦੀ ਮੰਗ ਕਰਦਾ ਹੈ।

## ਸਾਡੀਆਂ ਸੇਵਾਵਾਂ ਕਿਵੇਂ ਲੈਣੀਆਂ ਹਨ?

ਫੋਨ ਕਰੋ ਜਾਂ ਫੋਨ ਕਰਨ ਵਿਚ ਕਿਸੇ ਦੀ ਮਦਦ ਲਉ:

**1-855-412-2121**



*ਦੂਜੇ ਪਾਸੇ... over...*